# CYCLE RALLY ON POLLUTION CONTROL BY NCC GIRLS WING

**ਦੇਸ਼ ਸੇਵਕ**

# ਮੋਦੀ ਕਾਲਜ ਵੱਲੋਂ ਵਾਤਾਵਰਨ ਸਬੰਧੀ ਸਾਈਕਲ ਰੈਲੀ ਦਾ ਆਯੋਜਨ



**ਪਟਿਆਲਾ, 3 ਜੁਲਾਈ ((ਸੁਧੀਰ ਪਾਹੂਜਾ)** ਮੁਲਤਾਨੀ ਮੱਲ ਮੋਦੀ ਕਾਲਜ ਪਟਿਆਲਾ ਵਿਖੇ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਦੀ ਯੋਗ ਨਿਰਦੇਸ਼ਨਾ ਹੇਠ ਕਾਲਜ ਦੇ ਐਨ.ਸੀ.ਸੀ. ਵਿੰਗ (ਲੜਕੀਆਂ) ਵੱਲੋਂ ਸ਼ਹਿਰ ਨਿਵਾਸੀਆਂ ਨੂੰ ਵਾਤਾਵਰਨ ਪ੍ਰਦੂਸ਼ਣ ਦੀ ਰੋਕਥਾਮ ਸਬੰਧੀ ਜਾਗਰੂਕ ਕਰਨ ਲਈ ਇੱਕ ਸਾਈਕਲ ਰੈਲੀ ਕਰਵਾਈ ਗਈ। ਇਸ ਸਾਈਕਲ ਰੈਲੀ ਵਿੱਚ 25 ਦੇ ਕਰੀਬ ਵਿਦਿਆਰਥੀ ਕੈਡਿਟਾਂ ਨੇ ਹਿੱਸਾ ਲਿਆ ਜਿਨ੍ਹਾਂ ਨੇ ਵੱਖ-ਵੱਖ ਸਲੋਗਨ, ਬੈਨਰ, ਪੋਸਟਰਾਂ ਅਤੇ ਸਟੀਕਰਾਂ ਜ਼ਰੀਏ ਸ਼ਹਿਤ ਨਿਵਾਸੀਆਂ ਨੂੰ ਪ੍ਰਦੂਸ਼ਣ ਦੀ ਰੋਕਥਾਮ ਸਬੰਧੀ ਚੇਤਨ ਕੀਤਾ। ਇਸ ਸਾਈਕਲ ਰੈਲੀ ਨੂੰ ਰਵਾਨਾ ਕਰਨ ਮੌਕੇ ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਕਿਹਾ ਕਿ ਸਮੁੱਚਾ ਵਿਸ਼ਵ ਇਸ ਸਮੇਂ ਵਾਤਾਵਰਨ ਪ੍ਰਦੂਸ਼ਣ ਦੇ ਗੰਭੀਰ ਸੰਕਟ ਵਿੱਚੋਂ ਗੁਜ਼ਰ ਰਿਹਾ ਹੈ। ਵਰਤਮਾਨ ਉਪਭੋਗੀ ਜੀਵਨ ਸ਼ੈਲੀ ਵਿੱਚੋਂ ਕੁਦਰਤ ਤੋਂ ਦੂਰੀ ਹੋਣ ਕਰਕੇ ਸਧਾਰਨਤਾ, ਵਿਹਾਰਕਤਾ ਅਤੇ ਸੰਵੇਦਨਸ਼ੀਲਤਾ ਕਿਧਰੇ ਗੁਆਚੀ ਨਜ਼ਰ ਆਉਂਦੀ ਹੈ। ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਕਿਸੇ ਵੀ ਸੰਕਟ ਮੌਕੇ ਨੌਜਵਾਨ ਪੀੜ੍ਹੀ ਨੇ ਹੀ ਆਪਣੇ ਜਜ਼ਬੇ, ਜੋਰ, ਜਨੂੰਨ, ਹਿੰਮਤ ਅਤੇ ਸੰਵੇਦਨਾ ਰਾਹੀਂ ਵਿਸ਼ੇਸ਼ ਸਾਰਥਕ ਭੂਮਿਕਾ ਨਿਭਾਈ ਹੈ। ਉਨ੍ਹਾਂ ਨੇ ਕਾਲਜ ਦੇ ਐਨ.ਸੀ.ਸੀ. ਵਿੰਗ (ਲੜਕੀਆਂ) ਦੇ ਇੰਚਾਰਜ ਪ੍ਰੋ. ਪੂਨਮ ਸ਼ਰਮਾ, ਸਮੂਹ ਕੈਡਿਟਾਂ ਅਤੇ ਬਾਕੀ ਪ੍ਰਬੰਧਕਾਂ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਇਸ ਸਾਈਕਲ ਰੈਲੀ ਨੂੰ ਕੁਦਰਤ ਨਾਲ ਸਾਂਝ ਪਾਉਣ ਵਾਲੀ ਇੱਕ ਕੜੀ ਵਜੋਂ ਸਵੀਕਾਰ ਕੀਤਾ। ਇਸ ਮੌਕੇ ਕਾਲਜ ਦੇ ਡੀਨ ਵਿਦਿਆਰਥੀ ਭਲਾਈ ਪ੍ਰੋ. ਵੇਦ ਪ੍ਰਕਾਸ਼ ਨੇ ਸਮਾਜ ਅਤੇ ਨੌਜਵਾਨੀ ਦੇ ਅੰਤਰ-ਸਬੰਧਾਂ ਤੋਂ ਜਾਣੂੰ ਕਰਵਾਉਂਦੇ ਹੋਏ ਵਿਦਿਆਰਥੀਆਂ ਨੂੰ ਅਜਿਹੀਆਂ ਸਮਾਜਿਕ ਸਰਗਰਮੀਆਂ ਵਿੱਚ ਨਿਰੰਤਰ ਵੱਧ-ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਆ। ਕੁਦਰਤ ਦੀ ਸੰਭਾਲ ਕਰਨ ਦਾ ਹੋਕਾ ਦਿੰਦੀ ਇਹ ਸਾਈਕਲ ਰੈਲੀ ਸ਼ਾਹੀ ਸ਼ਹਿਰ ਪਟਿਆਲਾ ਦੇ ਮੋਦੀ ਕਾਲਜ ਚੌਂਕ ਤੋਂ ਸ਼ੁਰੂ ਹੋ ਕੇ ਵਾਈ.ਪੀ.ਐਸ. ਚੌਂਕ, ਫੁਆਰਾ ਚੌਂਕ, 22 ਨੰ. ਫਾਟਕ, ਥਾਪਰ ਇੰਸਟੀਚਿਊਟ, ਪਾਸੀ ਰੋਡ ਤੋਂ ਵਾਇਆ ਖੰਡਾ ਚੌਂਕ ਹੁੰਦੀ ਹੋਈ ਵਾਪਿਸ ਕਾਲਜ ਪੁੱਜੀ। ਇਸ ਮੌਕੇ ਕਾਲਜ ਦੇ ਐਨ.ਸੀ.ਸੀ. ਵਿੰਗ (ਲੜਕੀਆਂ) ਦੇ ਇੰਚਾਰਜ ਪ੍ਰੋ. ਪੂਨਮ ਸ਼ਰਮਾ ਨੇ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਨੂੰ ਸਾਰੇ ਰਸਤਿਆਂ ਤੋਂ ਜਾਣੂ ਕਰਵਾਇਆ ਤੇ ਯੋਗ ਦਿਸ਼ਾ ਨਿਰਦੇਸ਼ ਦਿੱਤੇ। ਇਸ ਸਾਈਕਲ ਰੈਲੀ ਦੇ ਸੁਚਾਰੂ ਪ੍ਰਬੰਧਨ ਵਿੱਚ ਡਾ. ਸੁਖਦੇਵ ਸਿੰਘ (ਕੰਪਿਊਟਰ ਵਿਭਾਗ), ਪ੍ਰੋ. ਮਨਦੀਪ ਕੌਰ (ਸਰੀਰਕ ਸਿੱਖਿਆ ਵਿਭਾਗ) ਅਤੇ 4 ਪੰਜਾਬ ਬਟਾਲੀਅਨ ਪਟਿਆਲਾ (ਲੜਕੀਆਂ) ਤੋਂ ਆਏ ਸੂਬੇਦਾਰ ਕੇ.ਜੇ. ਬੀਜੂ ਅਤੇ ਹਵਲਦਾਰ ਵੀ.ਐਮ. ਕੇਂਦਰੇ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਆਏ ਸਾਈਕਲਿੰਗ ਕੋਚ ਸੁਖਬੀਰ ਸਿੰਘ ਨੇ ਵਿਸ਼ੇਸ਼ ਭੂਮਿਕਾ ਨਿਭਾਈ।

पटियाला केसरी

# मोदी कालेज ने प्रदूषण की रोकथाम संबंधी जागरूक करने के लिए करवाई साइकिल रैली



*मोदी कालेज में वातावरण जागरूकता साइकिल रैली को हरी झंडी देते हुए कालेज प्रिं. डा. खुशविन्दर कुमार। (जोसन)*

पटियाला, 3 जुलाई (जोसन): मुल्तानी मल्ल मोदी कालेज पटियाला में प्रिं. डा. खुशविन्दर कुमार के नेतृत्व में कालेज के एन.सी.सी. विंग (लड़कियां) द्वारा शहर निवासियों को प्रदूषण की रोकथाम संबंधी जागरूक करने के लिए एक साइकिल रैली करवाई गई, जो कि मोदी कालेज चौक से शुरू होकर वाई.पी.एस. चौक, फव्वारा चौक, 22 नंबर फाटक, थापर इंस्टीच्यूट, पासी रोड से वाया खंडा चौक होती हुई वापस कालेज पहुंची। इस साइकिल रैली में 25 के करीब विद्यार्थी कैडिटों ने हिस्सा लिया, जिन्होंने अलग-अलग स्लोगन, बैनर, पोस्टरों और स्टीकरों के जरिए शहरवासियों को प्रदूषण की रोकथाम संबंधी जागरूक किया।

इस साइकिल रैली को रवाना करने मौके कालेज प्रिं. डा. खुशविन्दर कुमार ने कहा कि पूरा विश्व इस समय वातावरण प्रदूषण के गंभीर संकट में से गुजर रहा है। वर्तमान उपभोगी जीवन शैली में से कुदरत से दूरी होने के कारण साधारणता, व्यवहारिकता और संवेदनशीलता कहीं खोई हुई नजर आती है। इतिहास इस बात की गवाही भरता है कि किसी भी संकट मौके नौजवान पीढ़ी ने ही अपने जज्बे, जोर, जुनून, हिम्मत और संवेदना के द्वारा विशेष सार्थक भूमिका निभाई है। उन्होंने कालेज के एन.सी.सी. विंग (लड़कियां) के इंचार्ज प्रो. पूनम शर्मा, समूह कैडिटों और बाकी प्रबंधकों के यत्नों की सराहना की।

ਅਜੀਤ



ਪ੍ਰਿੰ. ਖੁਸ਼ਵਿੰਦਰ ਕੁਮਾਰ ਸਾਈਕਲ ਰੈਲੀ ਨੂੰ ਰਵਾਨਾ ਕਰਦੇ ਹੋਏ। ਅਜੀਤ ਤਸਵੀਰ

# ਮੋਦੀ ਕਾਲਜ ਵਲੋਂ ਵਾਤਾਵਰਨ ਸਬੰਧੀ ਸਾਈਕਲ ਰੈਲੀ

ਪਟਿਆਲਾ, 3 ਜੁਲਾਈ (ਗੁਰਵਿੰਦਰ ਸਿੰਘ ਔਲਖ)-ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ ਪਟਿਆਲਾ ਵਿਖੇ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਦੀ ਅਗਵਾਈ 'ਚ ਕਾਲਜ ਦੇ ਨੈਸ਼ਨਲ ਕੈਡੇਟ ਕੋਰ (ਲੜਕੀਆਂ) ਵਲੋਂ ਸ਼ਹਿਰ ਨਿਵਾਸੀਆਂ ਨੂੰ ਵਾਤਾਵਰਨ 'ਚ ਪ੍ਰਦੂਸ਼ਣ ਦੀ ਰੋਕਥਾਮ ਸਬੰਧੀ ਜਾਗਰੂਕ ਕਰਨ ਲਈ ਸਾਈਕਲ ਰੈਲੀ ਕੀਤੀ ਗਈ। ਸਾਈਕਲ ਰੈਲੀ 'ਚ 25 ਦੇ ਕਰੀਬ ਕੈਡਿਟਾਂ ਨੇ ਹਿੱਸਾ ਲਿਆ ਜਿਨ੍ਹਾਂ ਨੇ ਵੱਖ-ਵੱਖ ਨਾਅਰਿਆਂ, ਬੈਨਰਾਂ, ਪੋਸਟਰਾਂ ਤੇ ਸਟਿੱਕਰ ਜ਼ਰੀਏ ਸ਼ਹਿਰੀਆਂ ਨੂੰ ਪ੍ਰਦੂਸ਼ਣ ਦੀ ਰੋਕਥਾਮ ਸਬੰਧੀ ਚੇਤਨ ਕੀਤਾ। ਇਸ ਸਾਈਕਲ ਰੈਲੀ ਨੂੰ ਰਵਾਨਾ ਕਰਨ ਮੌਕੇ ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਕਿਹਾ ਕਿ ਸਮੁੱਚਾ ਵਿਸ਼ਵ ਇਸ ਸਮੇਂ ਵਾਤਾਵਰਨ ਪ੍ਰਦੂਸ਼ਣ ਦੇ ਗੰਭੀਰ ਸੰਕਟ ਵਿਚੋਂ ਗੁਜ਼ਰ ਰਿਹਾ ਹੈ। ਇਸ ਮੌਕੇ ਕਾਲਜ ਦੇ ਡੀਨ ਵਿਦਿਆਰਥੀ ਭਲਾਈ ਪ੍ਰੋ. ਵੇਦ ਪ੍ਰਕਾਸ਼ ਨੇ ਵੀ ਵਿਦਿਆਰਥੀਆਂ ਦੀ ਸ਼ਲਾਘਾ ਕੀਤੀ। ਕੁਦਰਤ ਦੀ ਸੰਭਾਲ ਕਰਨ ਦਾ ਹੋਕਾ ਦਿੰਦੀ ਇਹ ਸਾਈਕਲ ਰੈਲੀ ਪਟਿਆਲਾ ਦੇ ਮੋਦੀ ਕਾਲਜ ਚੌਕ ਤੋਂ ਸ਼ੁਰੂ ਹੋ ਕੇ ਵਾਈ.ਪੀ.ਐਸ. ਚੌਂਕ, ਫੁਆਰਾ ਚੌਂਕ, 22 ਨੰ. ਫਾਟਕ, ਥਾਪਰ ਇੰਸਟੀਚਿਊਟ, ਪਾਸੀ ਰੋਡ ਤੋਂ ਵਾਇਆ ਖੰਡਾ ਚੌਂਕ ਹੁੰਦੀ ਹੋਈ ਵਾਪਸ ਕਾਲਜ ਪੁੱਜੀ। ਇਸ ਮੌਕੇ ਕਾਲਜ ਦੇ ਐਨ.ਸੀ.ਸੀ. ਵਿੰਗ (ਲੜਕੀਆਂ) ਦੇ ਇੰਚਾਰਜ ਪ੍ਰੋ. ਪੂਨਮ ਸ਼ਰਮਾ ਨੇ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਨੂੰ ਸਾਰੇ ਰਸਤਿਆਂ ਤੋਂ ਜਾਣੂ ਕਰਵਾਇਆ। ਇਸ ਮੌਕੇ ਡਾ. ਸੁਖਦੇਵ ਸਿੰਘ, ਪ੍ਰੋ. ਮਨਦੀਪ ਕੌਰ ਤੇ 4 ਪੰਜਾਬ ਬਟਾਲੀਅਨ ਪਟਿਆਲਾ ਲੜਕੀਆਂ ਤੋਂ ਆਏ ਸੂਬੇਦਾਰ ਕੇ.ਜੇ. ਬੀਜੂ, ਹਵਲਦਾਰ ਵੀ.ਐਮ. ਕੇਂਦਰੇ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਆਏ ਸਾਈਕਲਿੰਗ ਕੋਚ ਸੁਖਬੀਰ ਸਿੰਘ ਨੇ ਵਿਸ਼ੇਸ਼ ਭੂਮਿਕਾ ਨਿਭਾਈ।

ਰੋਜ਼ਾਨਾ ਸਪੋਕਸਮੈਨ

# ਮੋਦੀ ਕਾਲਜ ਵਲੋਂ ਵਾਤਾਵਰਨ ਸ਼ੁਧਤਾ ਸਬੰਧੀ ਸਾਈਕਲ ਰੈਲੀ ਕੱਢੀ



ਪਟਿਆਲਾ, 3 ਜੁਲਾਈ (ਦਲਜਿੰਦਰ ਸਿੰਘ ਪੱਪੀ) : ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ ਪਟਿਆਲਾ ਵਿਖੇ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਦੀ ਯੋਗ ਨਿਰਦੇਸ਼ਨਾ ਹੇਠ ਕਾਲਜ ਦੇ ਐਨ.ਸੀ.ਸੀ. ਵਿੰਗ (ਲੜਕੀਆਂ) ਵਲੋਂ ਸ਼ਹਿਰ ਨਿਵਾਸੀਆਂ ਨੂੰ ਵਾਤਾਵਰਨ ਪ੍ਰਦੂਸ਼ਣ ਦੀ ਰੋਕਥਾਮ ਸਬੰਧੀ ਜਾਗਰੂਕ ਕਰਨ ਲਈ ਇੱਕ ਸਾਈਕਲ ਰੈਲੀ ਕਰਵਾਈ ਗਈ। ਇਸ ਸਾਈਕਲ ਰੈਲੀ ਵਿੱਚ 25 ਦੇ ਕਰੀਬ ਵਿਦਿਆਰਥੀ ਕੈਡਿਟਾਂ ਨੇ ਹਿੱਸਾ ਲਿਆ ਜਿਨ੍ਹਾਂ ਨੇ ਵੱਖ-ਵੱਖ ਸਲੋਗਨ, ਬੈਨਰ, ਪੋਸਟਰਾਂ ਅਤੇ ਸਟੀਕਰਾਂ ਜ਼ਰੀਏ ਸ਼ਹਿਰ ਨਿਵਾਸੀਆਂ ਨੂੰ ਪ੍ਰਦੂਸ਼ਣ ਦੀ ਰੋਕਥਾਮ ਸਬੰਧੀ ਚੇਤਨ ਕੀਤਾ। ਇਸ ਸਾਈਕਲ ਰੈਲੀ ਨੂੰ ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਰਵਾਨਾ ਕੀਤਾ। ਕਾਲਜ ਦੇ ਡੀਨ ਵਿਦਿਆਰਥੀ ਭਲਾਈ ਪ੍ਰੋ. ਵੇਦ ਪ੍ਰਕਾਸ਼ ਨੇ ਸਮਾਜ ਅਤੇ ਨੌਜਵਾਨੀ ਦੇ ਅੰਤਰ-ਸਬੰਧਾਂ ਤੋਂ ਜਾਣੂੰ ਕਰਵਾਇਆ। ਇਹ ਸਾਈਕਲ ਰੈਲੀ ਸ਼ਾਹੀ ਸ਼ਹਿਰ ਪਟਿਆਲਾ ਦੇ ਮੋਦੀ ਕਾਲਜ ਚੌਂਕ ਤੋਂ ਸ਼ੁਰੂ ਹੋ ਕੇ ਵਾਈ.ਪੀ.ਐਸ. ਚੌਂਕ, ਫੁਆਰਾ ਚੌਂਕ, 22 ਨੰ. ਫਾਟਕ, ਥਾਪਰ ਇੰਸਟੀਚਿਊਟ, ਪਾਸੀ ਰੋਡ ਤੋਂ ਵਾਇਆ ਖੰਡਾ ਚੌਂਕ ਹੁੰਦੀ ਹੋਈ ਵਾਪਿਸ ਕਾਲਜ ਪੁੱਜੀ। ਇਸ ਮੌਕੇ ਕਾਲਜ ਦੇ ਐਨ.ਸੀ.ਸੀ. ਵਿੰਗ (ਲੜਕੀਆਂ) ਦੇ ਇੰਚਾਰਜ ਪ੍ਰੋ. ਪੂਨਮ ਸ਼ਰਮਾ ਨੇ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਨੂੰ ਸਾਰੇ ਰਸਤਿਆਂ ਤੋਂ ਜਾਣੂ ਕਰਵਾਇਆ ਤੇ ਯੋਗ ਦਿਸ਼ਾ ਨਿਰਦੇਸ਼ ਦਿਤੇ। ਇਸ ਸਾਈਕਲ ਰੈਲੀ ਦੇ ਸੁਚਾਰੂ ਪ੍ਰਬੰਧਨ ਵਿਚ ਡਾ. ਸੁਖਦੇਵ ਸਿੰਘ (ਕੰਪਿਊਟਰ ਵਿਭਾਗ), ਪ੍ਰੋ. ਮਨਦੀਪ ਕੌਰ (ਸਰੀਰਕ ਸਿੱਖਿਆ ਵਿਭਾਗ) ਅਤੇ 4 ਪੰਜਾਬ ਬਟਾਲੀਅਨ ਪਟਿਆਲਾ (ਲੜਕੀਆਂ) ਤੋਂ ਆਏ ਸੂਬੇਦਾਰ ਕੇ.ਜੇ. ਬੀਜੂ ਅਤੇ ਹਵਲਦਾਰ ਵੀ.ਐਮ. ਕੇਂਦਰੇ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਆਏ ਸਾਈਕਲਿੰਗ ਕੋਚ ਸੁਖਬੀਰ ਸਿੰਘ ਨੇ ਭੂਮਿਕਾ ਨਿਭਾਈ।

जागरण सिटी पटियाला

जागरूकता | मुलतानी मल्ल मोदी कॉलेज से निकाली गई साइकिल रैली

# वातावरण स्वच्छ रखने का दिया संदेश



मोदी कॉलेज में आयोजित वातावरण संभाल साईकिल रेली की शुरूआत करते हुए कॉलेज के प्रबंधक एवं अन्य ● जागरण

जेएनएन, पटियाला : मुलतानी मल्ल मोदी कॉलेज पटियाला में प्रिंसिपल डॉ. खुशविंदर कुमार के योग्य निर्देशन में कॉलेज के एनसीसी विंग की तरफ से शहर निवासियों को वातावरण प्रदूषण की रोकथाम संबंधित जागरूक करने के लिए साइकिल रैली करवाई गई।

रैली में 25 के करीब कैडिटों ने भाग लिया। जिन्होंने अलग -अलग स्लोगन, बैनर, पोस्टरों और स्टीकरों के ज़रिए शहत निवासियों को प्रदूषण की रोकथाम संबंधित चेतन किया। इस साइकिल रैली को रवाना करने के मौके कॉलेज प्रिंसिपल डॉ. खुशविंदर कुमार ने संबोधितकिया। उन्होंने कॉलेज के एनसीसी विंग (लड़कियों) के इंचार्ज प्रो. पूनम शर्मा, समूह कैडिट और बाकी प्रबंधकों के यतनों की प्रंशसा करते इस साइकिल रैली को कुदरत के साथ सांझ डालने वाली एक कड़ी के तौर पर स्वीकार किया। इस साइकिल रैली में डॉ. सुखदेव सिंह (कंप्यूटर विभाग), प्रो. मनदीप कौर (शारीरिक शिक्षा विभाग) और 4 पंजाब बटालियन पटियाला (लड़की) के सूबेदार केजे बीजू मौजूद रहे।

दैनिक सवेरा टाइम्स

# प्रदूषण रोकथाम के लिए साइकिल रैली करवाई




साइकिल रैली को रवाना करते प्रिंसीपल डा. खुशविन्दर कुमार।

पटियाला, 3 जुलाई (बलविन्द्र): मुलतानी मल मोदी कालेज में प्रिंसीपल डा. खुशविन्दर कुमार की अगवाई में कालेज के एन.सी.सी. विंग (लड़कियां) की तरफ से शहर वासियों को वातावरण प्रदूषण की रोकथाम संबंधी जागरूक करने के लिए एक साइकिल रैली करवाई गई। साइकिल रैली में 25 के करीब कैडेटों ने हिस्सा लिया, जिन्होंने अलग-अलग स्लोगन, बैनर, पोस्टरों और स्टीकरों के जरिये शहर वासियों को प्रदूषण की रोकथाम संबंधी चेतन किया। रैली को रवाना करने मौके प्रिंसीपल डा. खुशविन्दर कुमार ने कहा कि समूचा विश्व इस समय वातावरण प्रदूषण के गंभीर संकट से गुजर रहा है। वर्तमान उपभोगी जीवन शैली में से कुदरत से दूरी होने के कारण साधारणता, वेहारकता और संवेदनशीलता कहीं खोती नजर आती है। उन्होंने कालेज के एन.सी.सी. विंग (लड़कियों) के इंचार्ज प्रो. पूनम शर्मा, समूह कैडेटों और बाकी प्रबंधकों के प्रयासों की प्रशंसा की।

3 (Daily Charhdikala, Patiala (Thursday, 4 July 2019)

# ਮੋਦੀ ਕਾਲਜ ਵੱਲੋਂ ਵਾਤਾਵਰਨ ਸਬੰਧੀ ਸਾਈਕਲ ਰੈਲੀ ਦਾ ਆਯੋਜਨ



ਪਟਿਆਲਾ, 3 ਜੁਲਾਈ (ਰੁਪਾਣਾ) : ਸਥਾਨਕ ਮੁਲਤਾਨੀ ਮਲ ਮੋਦੀ ਕਾਲਜ ਪਟਿਆਲਾ ਵਿਖੇ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਦੀ ਯੋਗ ਨਿਰਦੇਸ਼ਨਾ ਹੇਠ ਕਾਲਜ ਦੇ ਐਨ.ਸੀ.ਸੀ. ਵਿੰਗ (ਲੜਕੀਆਂ) ਵੱਲੋਂ ਸ਼ਹਿਰ ਨਿਵਾਸੀਆਂ ਨੂੰ ਵਾਤਾਵਰਨ ਪ੍ਰਦੂਸ਼ਣ ਦੀ ਰੋਕਥਾਮ ਸਬੰਧੀ ਜਾਗਰੂਕ ਕਰਨ ਲਈ ਇੱਕ ਸਾਈਕਲ ਰੈਲੀ ਕਰਵਾਈ ਗਈ। ਇਸ ਸਾਈਕਲ ਰੈਲੀ ਵਿੱਚ 25 ਦੇ ਕਰੀਬ ਵਿਦਿਆਰਥੀ ਕੈਡਿਟਾਂ ਨੇ ਹਿੱਸਾ ਲਿਆ, ਜਿਨ੍ਹਾਂ ਨੇ ਵੱਖ-ਵੱਖ ਸਲੋਗਨ, ਬੈਨਰ, ਪੋਸਟਰਾਂ ਅਤੇ ਸਟੀਕਰਾਂ ਜ਼ਰੀਏ ਸ਼ਹਿਰ ਨਿਵਾਸੀਆਂ ਨੂੰ ਪ੍ਰਦੂਸ਼ਣ ਦੀ ਰੋਕਥਾਮ ਸਬੰਧੀ ਚੇਤਨ ਕੀਤਾ। ਇਸ ਸਾਈਕਲ ਰੈਲੀ ਨੂੰ ਰਵਾਨਾ ਕਰਨ ਮੌਕੇ ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਕਿਹਾ ਕਿ ਸਮੁੱਚਾ ਵਿਸ਼ਵ ਇਸ ਸਮੇਂ ਵਾਤਾਵਰਨ ਪ੍ਰਦੂਸ਼ਣ ਦੇ ਗੰਭੀਰ ਸੰਕਟ ਵਿੱਚੋਂ ਗੁਜ਼ਰ ਰਿਹਾ ਹੈ। ਵਰਤਮਾਨ ਉਪਭੋਗੀ ਜੀਵਨਸ਼ੈਲੀ ਵਿੱਚੋਂ ਕੁਦਰਤ ਤੋਂ ਦੂਰੀ ਹੋਣ ਕਰਕੇ ਸਧਾਰਨਤਾ, ਵਿਹਾਰਕਤਾ ਅਤੇ ਸੰਵੇਦਨਸ਼ੀਲਤਾ ਕਿਧਰੇ ਗੁਆਚੀ ਨਜ਼ਰ ਆਉਂਦੀ ਹੈ। ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਕਿਸੇ ਵੀ ਸੰਕਟ ਮੌਕੇ ਨੌਜਵਾਨ ਪੀੜ੍ਹੀ ਨੇ ਹੀ ਆਪਣੇ ਜਜ਼ਬੇ, ਜ਼ੋਰ, ਜਨੂੰਨ, ਹਿੰਮਤ ਅਤੇ ਸੰਵੇਦਨਾ ਰਾਹੀਂ ਵਿਸ਼ੇਸ਼ ਸਾਰਥਿਕ ਭੂਮਿਕਾ ਨਿਭਾਈ ਹੈ। ਉਨ੍ਹਾਂ ਨੇ ਕਾਲਜ ਦੇ ਐਨ.ਸੀ.ਸੀ. ਵਿੰਗ (ਲੜਕੀਆਂ) ਦੇ ਇੰਚਾਰਜ ਪ੍ਰੋ. ਪੂਨਮ ਸ਼ਰਮਾ, ਸਮੂਹ ਕੈਡਿਟਾਂ ਅਤੇ ਬਾਕੀ ਪ੍ਰਬੰਧਕਾਂ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਇਸ ਸਾਈਕਲ ਰੈਲੀ ਨੂੰ ਕੁਦਰਤ ਨਾਲ ਸਾਂਝ ਪਾਉਣ ਵਾਲੀ ਇੱਕ ਕੜੀ ਵਜੋਂ ਸਵੀਕਾਰ ਕੀਤਾ।

ਇਸ ਮੌਕੇ ਕਾਲਜ ਦੇ ਡੀਨ ਵਿਦਿਆਰਥੀ ਭਲਾਈ ਪ੍ਰੋ. ਵੇਦ ਪ੍ਰਕਾਸ਼ ਨੇ ਸਮਾਜ ਅਤੇ ਨੌਜਵਾਨੀ ਦੇ ਅੰਤਰ-ਸਬੰਧਾਂ ਤੋਂ ਜਾਣੂੰ ਕਰਵਾਉਂਦੇ ਹੋਏ ਵਿਦਿਆਰਥੀਆਂ ਨੂੰ ਅਜਿਹੀਆਂ ਸਮਾਜਿਕ ਸਰਗਰਮੀਆਂ ਵਿੱਚ ਨਿਰੰਤਰ ਵੱਧ-ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਆ। ਕੁਦਰਤ ਦੀ ਸੰਭਾਲ ਕਰਨ ਦਾ ਹੋਕਾ ਦਿੰਦੀ ਇਹ ਸਾਈਕਲ ਰੈਲੀ ਸ਼ਾਹੀ ਸ਼ਹਿਰ ਪਟਿਆਲਾ ਦੇ ਮੋਦੀ ਕਾਲਜ ਚੌਕ ਤੋਂ ਸ਼ੁਰੂ ਹੋ ਕੇ ਵਾਈ.ਪੀ.ਐਸ. ਚੌਕ, ਫੁਆਰਾ ਚੌਕ, 22 ਨੰ. ਫਾਟਕ, ਥਾਪਰ ਇੰਸਟੀਚਿਊਟ, ਪਾਸੀ ਰੋਡ ਤੋਂ ਵਾਇਆ ਖੰਡਾ ਚੌਕ ਹੁੰਦੀ ਹੋਈ ਵਾਪਸ ਕਾਲਜ ਪੁੱਜੀ। ਇਸ ਮੌਕੇ ਕਾਲਜ ਦੇ ਐਨ.ਸੀ.ਸੀ. ਵਿੰਗ (ਲੜਕੀਆਂ) ਦੇ ਇੰਚਾਰਜ ਪ੍ਰੋ. ਪੂਨਮ ਸ਼ਰਮਾ ਨੇ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਨੂੰ ਸਾਰੇ ਰਸਤਿਆਂ ਤੋਂ ਜਾਣੂੰ ਕਰਵਾਇਆ ਤੇ ਯੋਗ ਦਿਸ਼ਾ ਨਿਰਦੇਸ਼ ਦਿੱਤੇ। ਇਸ ਸਾਈਕਲ ਰੈਲੀ ਦੇ ਸੁਚਾਰੂ ਪ੍ਰਬੰਧਨ ਵਿੱਚ ਡਾ. ਸੁਖਦੇਵ ਸਿੰਘ (ਕੰਪਿਊਟਰ ਵਿਭਾਗ), ਪ੍ਰੋ. ਮਨਦੀਪ ਕੌਰ (ਸਰੀਰਕ ਸਿੱਖਿਆ ਵਿਭਾਗ) ਅਤੇ 4 ਪੰਜਾਬ ਬਟਾਲੀਅਨ ਪਟਿਆਲਾ (ਲੜਕੀਆਂ) ਤੋਂ ਆਏ ਸੂਬੇਦਾਰ ਕੇ.ਜੇ. ਬੀਜੂ ਅਤੇ ਹੌਲਦਾਰ ਵੀ.ਐਮ. ਕੌਂਦਰ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਆਏ ਸਾਈਕਲਿੰਗ ਕੋਚ ਸ੍ਰੀ ਸੁਖਬੀਰ ਸਿੰਘ ਨੇ ਵਿਸ਼ੇਸ਼ ਭੂਮਿਕਾ ਨਿਭਾਈ।

ਪੰਜਾਬੀ ਟ੍ਰਿਬਿਊਨ, ਵੀਰਵਾਰ, 4 ਜੁਲਾਈ 2019

# ਵਾਤਾਵਰਨ ਸੰਭਾਲ ਦਾ ਹੋਕਾ ਦਿੰਦੀ ਸਾਈਕਲ ਰੈਲੀ ਕੱਢੀ

## ਵਿਦਿਆਰਥੀਆਂ ਨੂੰ ਸਮਾਜਿਕ ਸਰਗਰਮੀਆਂ ਵਿਚ ਵਧ-ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਆ

**ਨਿੱਜੀ ਪੱਤਰ ਪ੍ਰੇਰਕ**

**ਪਟਿਆਲਾ, 3 ਜੁਲਾਈ**

ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ ਪਟਿਆਲਾ ਵਿਚ ਐੱਨਸੀਸੀ ਵਿੰਗ (ਲੜਕੀਆਂ) ਵੱਲੋਂ ਸ਼ਹਿਰ ਨਿਵਾਸੀਆਂ ਨੂੰ ਪ੍ਰਦੂਸ਼ਣ ਦੀ ਰੋਕਥਾਮ ਸਬੰਧੀ ਜਾਗਰੂਕ ਕਰਨ ਲਈ ਸਾਈਕਲ ਰੈਲੀ ਕੀਤੀ ਗਈ। ਇਸ ਦੌਰਾਨ ਉਨ੍ਹਾਂ ਨੇ ਵੱਖ-ਵੱਖ ਸਲੋਗਨ, ਬੈਨਰ, ਪੋਸਟਰਾਂ ਅਤੇ ਸਟੀਕਰਾਂ ਜ਼ਰੀਏ ਸ਼ਹਿਰ ਨਿਵਾਸੀਆਂ ਨੂੰ ਪ੍ਰਦੂਸ਼ਣ ਰੋਕਥਾਮ ਸਬੰਧੀ ਜਾਗਰੂਕ ਕੀਤਾ।

ਸਾਈਕਲ ਰੈਲੀ ਨੂੰ ਰਵਾਨਾ ਕਰਨ ਮੌਕੇ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਕਿਹਾ ਕਿ ਸਮੁੱਚਾ ਵਿਸ਼ਵ ਇਸ ਵੇਲੇ ਵਾਤਾਵਰਨ ਪ੍ਰਦੂਸ਼ਣ ਦੇ ਗੰਭੀਰ ਸੰਕਟ 'ਚੋਂ ਗੁਜ਼ਰ ਰਿਹਾ ਹੈ। ਉਨ੍ਹਾਂ ਨੇ ਕਾਲਜ ਦੇ ਐੱਨਸੀਸੀ. ਵਿੰਗ (ਲੜਕੀਆਂ) ਦੇ ਇੰਚਾਰਜ ਪ੍ਰੋ. ਪੂਨਮ ਸ਼ਰਮਾ, ਸਮੂਹ ਕੈਡਿਟਾਂ ਅਤੇ ਬਾਕੀ ਪ੍ਰਬੰਧਕਾਂ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਇਸ ਸਾਈਕਲ ਰੈਲੀ ਨੂੰ ਕੁਦਰਤ ਨਾਲ ਸਾਂਝ ਪਾਉਣ ਵਾਲੀ ਇੱਕ ਕੜੀ ਵਜੋਂ ਸਵੀਕਾਰ ਕੀਤਾ। ਇਸ ਮੌਕੇ ਕਾਲਜ ਦੇ ਡੀਨ ਵਿਦਿਆਰਥੀ ਭਲਾਈ ਪ੍ਰੋ. ਵੇਦ ਪ੍ਰਕਾਸ਼ ਨੇ ਸਮਾਜ ਅਤੇ ਨੌਜਵਾਨੀ ਦੇ ਅੰਤਰ-ਸਬੰਧਾਂ ਤੋਂ ਜਾਣੂ ਕਰਵਾਉਂਦੇ ਹੋਏ ਵਿਦਿਆਰਥੀਆਂ ਨੂੰ ਅਜਿਹੀਆਂ ਸਮਾਜਿਕ ਸਰਗਰਮੀਆਂ ਵਿਚ ਨਿਰੰਤਰ ਵੱਧ-ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਆ।



ਸਾਈਕਲ ਰੈਲੀ ਨੂੰ ਹਰੀ ਝੰਡੀ ਦਿੰਦੇ ਹੋਏ ਪ੍ਰਿੰਸੀਪਲ ਖੁਸ਼ਵਿੰਦਰ ਕੁਮਾਰ। -ਫੋਟੋ: ਭਿੰਡਰ

ਵਾਤਾਵਰਨ ਸੰਭਾਲ ਦਾ ਹੋਕਾ ਦਿੰਦੀ ਇਹ ਸਾਈਕਲ ਰੈਲੀ ਸ਼ਾਹੀ ਸ਼ਹਿਰ ਪਟਿਆਲਾ ਦੇ ਮੋਦੀ ਕਾਲਜ ਚੌਕ ਤੋਂ ਸ਼ੁਰੂ ਹੋ ਕੇ ਵਾਈਪੀਐੱਸ ਚੌਕ, ਫੁਹਾਰਾ ਚੌਕ, 22 ਨੰ. ਫਾਟਕ, ਥਾਪਰ ਇੰਸਟੀਚਿਊਟ, ਪਾਸੀ ਰੋਡ ਤੋਂ ਵਾਇਆ ਖੰਡਾ ਚੌਕ ਹੁੰਦੀ ਹੋਈ ਵਾਪਿਸ ਕਾਲਜ ਪੁੱਜੀ। ਇਸ ਮੌਕੇ ਕਾਲਜ ਦੇ ਐੱਨਸੀਸੀ ਵਿੰਗ (ਲੜਕੀਆਂ) ਦੇ ਇੰਚਾਰਜ ਪ੍ਰੋ. ਪੂਨਮ ਸ਼ਰਮਾ, ਡਾ. ਸੁਖਦੇਵ ਸਿੰਘ (ਕੰਪਿਊਟਰ ਵਿਭਾਗ), ਪ੍ਰੋ. ਮਨਦੀਪ ਕੌਰ (ਸਰੀਰਕ ਸਿੱਖਿਆ ਵਿਭਾਗ) ਅਤੇ 4 ਪੰਜਾਬ ਬਟਾਲੀਅਨ ਪਟਿਆਲਾ (ਲੜਕੀਆਂ) ਤੋਂ ਆਏ ਸੂਬੇਦਾਰ ਕੇ.ਜੇ. ਬੀਜੂ, ਹਵਲਦਾਰ ਵੀ.ਐਮ. ਕੌਂਦਰੇ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਆਏ ਸਾਈਕਲਿੰਗ ਕੋਚ ਸੁਖਬੀਰ ਸਿੰਘ ਨੇ ਵਿਸ਼ੇਸ਼ ਭੂਮਿਕਾ ਨਿਭਾਈ।

ਪੰਜਾਬੀ ਜਾਗਰਣ ਜਲੰਧਰ 4 ਜੁਲਾਈ 2019

# ਵਾਤਾਵਰਨ ਸਬੰਧੀ ਕਢੀ ਸਾਈਕਲ ਰੈਲੀ



ਸਾਇਕਲ ਰੈਲੀ ਨੂੰ ਰਵਾਨਾ ਕਰਦੇ ਹੋਏ ਪ੍ਰਿੰਸੀਪਲ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ।

**ਪੱਤਰ ਪ੍ਰੇਰਕ, ਪਟਿਆਲਾ** : ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ ਪਟਿਆਲਾ ਵਿਖੇ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਦੀ ਯੋਗ ਨਿਰਦੇਸ਼ਾਂ ਹੇਠ ਕਾਲਜ ਦੇ ਐੱਨਸੀਸੀ ਵਿੰਗ (ਲੜਕੀਆਂ) ਵਲੋਂ ਸ਼ਹਿਰ ਨਿਵਾਸੀਆਂ ਨੂੰ ਵਾਤਾਵਰਨ ਪ੍ਰਦੂਸ਼ਣ ਦੀ ਰੋਕਥਾਮ ਸਬੰਧੀ ਜਾਗਰੂਕ ਕਰਨ ਲਈ ਇਕ ਸਾਈਕਲ ਰੈਲੀ ਕਰਵਾਈ ਗਈ। ਇਸ ਸਾਈਕਲ ਰੈਲੀ ਵਿਚ 25 ਦੇ ਕਰੀਬ ਵਿਦਿਆਰਥੀ ਕੈਡਿਟਾਂ ਨੇ ਹਿੱਸਾ ਲਿਆ ਜਿਨ੍ਹਾਂ ਨੇ ਵੱਖ-ਵੱਖ ਸਲੋਗਨ, ਬੈਨਰ, ਪੋਸਟਰਾਂ ਅਤੇ ਸਟੀਕਰਾਂ ਜਰੀਏ ਸਹਿਤ ਨਿਵਾਸੀਆਂ ਨੂੰ ਪ੍ਰਦੂਸ਼ਣ ਦੀ ਰੋਕਥਾਮ ਸਬੰਧੀ ਚੇਤਨ ਕੀਤਾ। ਇਸ ਸਾਈਕਲ ਰੈਲੀ ਨੂੰ ਰਵਾਨਾ ਕਰਨ ਮੌਕੇ ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਕਿਹਾ ਕਿ ਸਮੁੱਚਾ ਵਿਸ਼ਵ ਇਸ ਸਮੇਂ ਵਾਤਾਵਰਨ ਪ੍ਰਦੂਸ਼ਣ ਦੇ ਗੰਭੀਰ ਸੰਕਟ ਵਿਚੋਂ ਗੁੱਜ਼ਰ ਰਿਹਾ ਹੈ। ਵਰਤਮਾਨ ਉਪਭੋਗੀ ਜੀਵਨ ਸ਼ੈਲੀ ਵਿਚੋਂ ਕੁਦਰਤ ਤੋਂ ਦੂਰੀ ਹੋਣ ਕਰਕੇ ਸਧਾਰਨਤਾ, ਵਿਹਾਰਕਤਾ ਅਤੇ ਸੰਵੇਦਨਸ਼ੀਲਤਾ ਕਿਧਰੇ ਗੁਆਚੀ ਨਜ਼ਰ ਆਉਂਦੀ ਹੈ। ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਕਿਸੇ ਵੀ ਸੰਕਟ ਮੌਕੇ ਨੌਜਵਾਨ ਪੀੜ੍ਹੀ ਨੇ ਹੀ ਆਪਣੇ ਜਜ਼ਬੇ, ਜੋਰ, ਜਨੂੰਨ, ਹਿੰਮਤ ਤੇ ਸੰਵੇਦਨਾ ਰਾਹੀ ਵਿਸ਼ੇਸ਼ ਸਾਰਥਕ ਭੂਮਿਕਾ ਨਿਭਾਈ ਹੈ। ਉਨ੍ਹਾਂ ਨੇ ਕਾਲਜ ਦੇ ਐੱਨਸੀਸੀ ਵਿੰਗ (ਲੜਕੀਆਂ) ਦੇ ਇੰਚਾਰਜ ਪ੍ਰੋ. ਪੂਨਮ ਸ਼ਰਮਾ, ਸਮੂਹ ਕੈਡਿਟਾਂ ਅਤੇ ਬਾਕੀ ਪ੍ਰਬੰਧਕਾਂ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਇਸ ਸਾਈਕਲ ਰੈਲੀ ਨੂੰ ਕੁਦਰਤ ਨਾਲ ਸਾਂਝ ਪਾਉਣ ਵਾਲੀ ਇਕ ਕੜੀ ਵਜੋਂ ਸਵੀਕਾਰ ਕੀਤਾ। ਇਸ ਮੌਕੇ ਕਾਲਜ ਦੇ ਡੀਨ ਵਿਦਿਆਰਥੀ ਭਲਾਈ ਪ੍ਰੋ. ਵੇਦ ਪ੍ਰਕਾਸ਼ ਨੇ ਸਮਾਜ ਅਤੇ ਨੌਜਵਾਨੀ ਦੇ ਅੰਤਰ-ਸਬੰਧਾਂ ਤੋਂ ਜਾਣੂ ਕਰਵਾਉਂਦੇ ਹੋਏ ਵਿਦਿਆਰਥੀਆਂ ਨੂੰ ਅਜਿਹੀਆਂ ਸਮਾਜਿਕ ਸਰਗਰਮੀਆਂ ਵਿਚ ਨਿਰੰਤਰ ਵੱਧ-ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਆ। ਕੁਦਰਤ ਦੀ ਸੰਭਾਲ ਕਰਨ ਦਾ ਹੋਕਾ ਦਿੰਦੀ ਇਹ ਸਾਈਕਲ ਰੈਲੀ ਸ਼ਾਹੀ ਸ਼ਹਿਰ ਪਟਿਆਲਾ ਦੇ ਮੋਦੀ ਕਾਲਜ ਚੌਕ ਤੋਂ ਸ਼ੁਰੂ ਹੋ ਕੇ ਵਾਈਪੀਐੱਸ ਚੌਕ, ਫੁਆਰਾ ਚੌਕ, 22 ਨੰਬਰ ਫਾਟਕ, ਥਾਪਰ ਇੰਸਟੀਚਿਊਟ, ਪਾਸੀ ਰੋਡ ਤੋਂ ਵਾਇਆ ਖੰਡਾ ਚੌਕ ਹੁੰਦੀ ਹੋਈ ਵਾਪਿਸ ਕਾਲਜ ਪੁੱਜੀ। ਇਸ ਮੌਕੇ ਕਾਲਜ ਦੇ ਐਨਸੀਸੀ. ਵਿੰਗ (ਲੜਕੀਆਂ) ਦੇ ਇੰਚਾਰਜ ਪ੍ਰੋ. ਪੂਨਮ ਸ਼ਰਮਾ ਨੇ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਨੂੰ ਸਾਰੇ ਰਸਤਿਆਂ ਤੋਂ ਜਾਣੂ ਕਰਵਾਇਆ ਤੇ ਯੋਗ ਦਿਸ਼ਾ ਨਿਰਦੇਸ਼ ਦਿੱਤੇ। ਇਸ ਸਾਈਕਲ ਰੈਲੀ ਦੇ ਸੁਚਾਰੂ ਪ੍ਰਬੰਧਨ ਵਿੱਚ ਡਾ. ਸੁਖਦੇਵ ਸਿੰਘ (ਕੰਪਿਊਟਰ ਵਿਭਾਗ), ਪ੍ਰੋ. ਮਨਦੀਪ ਕੌਰ (ਸਰੀਰਕ ਸਿੱਖਿਆ ਵਿਭਾਗ) ਅਤੇ 4 ਪੰਜਾਬ ਬਟਾਲੀਅਨ ਪਟਿਆਲਾ (ਲੜਕੀਆਂ) ਤੋਂ ਆਏ ਸੂਬੇਦਾਰ ਕੇਜੇ ਬੀਜੂ ਅਤੇ ਹਵਲਦਾਰ ਵੀਐਮ ਕੇਂਦਰੇ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਆਏ ਸਾਈਕਲਿੰਗ ਕੋਚ ਸੁਖਬੀਰ ਸਿੰਘ ਨੇ ਵਿਸ਼ੇਸ਼ ਭੂਮਿਕਾ ਨਿਭਾਈ।

CHANDIGARH Tribune
CHANDIGARH | THURSDAY | 4 JULY 2019

# Cycle rally held to combat increasing air pollution



Multani Mal Modi College Principal Dr Khushvinder Kumar flags off a cycle rally in Patiala on Wednesday. TRIBUNE PHOTO

TRIBUNE NEWS SERVICE

PATIALA, JULY 3
Multani Mal Modi College's NCC Girls Wing organised a cycle rally to tackle air pollution. The rally was flagged off by Principal Dr Khushvinder Kumar along with Prof VP Sharma, Dean Students' Welfare, at 6:30 am from the college campus.

Dr Kumar said with modern lifestyle, humans were somewhere destroying their natural habitat. In totoal, 25 NCC cadets participated in the event to spread awareness about harmful effects of rising air pollution.

Prof Sharma said youngsters were an important link between the previous and next generation and they should actively participate in such events to protect environment.

# ONE WEEK FACULTY DEVELOPMENT PROGRAM ORGANIZED

पटियाला केसरी

# मुलतानी मल्ल मोदी कालेज में 7 दिवसीय फैकल्टी डिवैल्पमैंट प्रोग्राम समाप्त



मोदी कालेज में हुए प्रोग्राम में भाग लेने वाले अध्यापकों को सम्मानित करते कालेज प्रिंसीपल खुशविंदर कुमार व अन्य अधिकारी। (जोसन)

पटियाला, 22 जुलाई (जोसन): मुलतानी मल्ल मोदी कालेज पटियाला के इंटर्नल क्वालिटी सैल (आई.क्यू.ए.सी.) द्वारा यू.जी.सी. के सहयोग से 'उच्च शिक्षा में उभर रहे नए मुद्दे और चुनौतियां' विषय पर करवाया जा रहा 7 दिवसीय फैकल्टी डिवैल्पमैंट प्रोग्राम आज समाप्त हो गया। कार्यक्रम का उद्देश्य नई शिक्षा नीति के लागू होने से उच्च शिक्षा के क्षेत्र में आ रहे परिवर्तन बारे गंभीर संवाद का आगाज करना था।

कालेज प्रिंसीपल डा. खुशविंदर कुमार ने इस मौके बाहर से आए विषय विशेषज्ञों और अध्यापकों का स्वागत करते कहा कि नई शिक्षा नीति में दर्ज अलग-अलग पहलुओं जैसे कि आलोचनात्मक सोच-पद्धति, सृजनात्मक अमल, वैज्ञानिक नजरिया, बहु-भाषाई पैटर्न, समस्याओं के हल करने की तरफ उच्च प्रणालियों, सामाजिक जिम्मेदारी और डिजीटल लिटरेसी जैसी धारणाओं और परिभाषाओं को समझना जरूरी है।

उन्होंने इस शिक्षा नीति के सामाजिक तौर पर हाशिए पर पड़े वर्गों पर पड़ने वाले प्रभावों को महत्वपूर्ण बताया।

कार्यक्रम में अध्यापकों के प्रशिक्षण और प्रशिक्षण देने वाली प्रमुख संस्था नैशनल इंस्टीच्यूट आफ टीचर प्रशिक्षण और रिसर्च, चंडीगढ़ से पहुंचे विषय माहिर डा. सुनील दत्त, प्रोफैसर और प्रमुख डिपार्टमैंट आफ एजुकेशन एंड एजुकेशनल मैनेजमैंट ने ई-लर्निंग में इस्तेमाल किए जाने वाली पाठ्य-सामग्री की तैयारी करने और सही प्रयोग संबंधी मुख्य नुक्ते अध्यापकों के साथ सांझे किए। प्रोग्राम की समाप्ति पर कालेज प्रिंसीपल डा. खुशविन्दर कुमार ने उच्च शिक्षा में समैस्टर-प्रणाली की बांट और इसमें क्रैडिट-प्रबंध की विस्तार से व्याख्या की। इस 7 दिवसीय प्रोग्राम में कालेज के समूह अध्यापकों ने बड़े उत्साह के साथ हिस्सा लिया।

**ਅਜੀਤ**

# ਮੁਲਤਾਨੀ ਮੱਲ ਮੋਦੀ ਕਾਲਜ ਵਿਖੇ ਸਮਾਗਮ ਸਮਾਪਤ

ਪਟਿਆਲਾ, 22 ਜੁਲਾਈ (ਗੁਰਵਿੰਦਰ ਸਿੰਘ ਔਲਖ)-ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ ਪਟਿਆਲਾ ਦੇ ਅੰਦਰੂਨੀ ਗੁਣਵੱਤਾ ਇਕਾਈ ਵਲੋਂ ਯੂ.ਜੀ.ਸੀ.ਦੇ ਸਹਿਯੋਗ ਨਾਲ, 'ਉੱਚ ਸਿੱਖਿਆ 'ਚ ਉੱਭਰ ਰਹੇ ਨਵੇਂ ਮੁੱਦੇ ਤੇ ਚੁਨੌਤੀਆਂ' ਵਿਸ਼ੇ 'ਤੇ ਕਰਵਾਇਆ ਜਾ ਰਿਹਾ ਸੱਤ ਦਿਨਾ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਅੱਜ ਸਮਾਪਤ ਹੋ ਗਿਆ। ਇਸ ਪ੍ਰੋਗਰਾਮ ਦਾ ਉਦੇਸ਼ ਨਵੀਂ ਸਿੱਖਿਆ ਨੀਤੀ ਦੇ ਲਾਗੂ ਹੋਣ ਨਾਲ ਉੱਚ ਸਿੱਖਿਆ ਦੇ ਖੇਤਰ 'ਚ ਆ ਰਹੇ ਬਦਲਾਉ ਬਾਰੇ ਗੰਭੀਰ ਸੰਵਾਦ ਦਾ ਆਗਾਜ਼ ਕਰਨਾ ਸੀ। ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਇਸ ਮੌਕੇ ਬਾਹਰੋਂ ਆਏ ਵਿਸ਼ਾ ਮਾਹਿਰਾਂ ਅਤੇ ਅਧਿਆਪਕਾਂ ਦਾ ਸਵਾਗਤ ਕੀਤਾ। ਹਫ਼ਤਾ ਭਰ ਚੱਲੇ ਇਸ ਪ੍ਰੋਗਰਾਮ ਦੌਰਾਨ ਵੱਖ-ਵੱਖ ਯੂਨੀਵਰਸਿਟੀਆਂ ਤੇ ਅਦਾਰਿਆਂ ਤੋਂ ਪਹੁੰਚੇ ਵਿਦਵਾਨਾਂ ਤੇ ਵਿਸ਼ਾ ਮਾਹਿਰਾਂ ਨੇ ਨਵੀਂ ਸਿੱਖਿਆ ਨੀਤੀ ਦੇ ਵੱਖ-ਵੱਖ ਪਹਿਲੂਆਂ ਅਤੇ ਤਕਨੀਕੀ ਪੱਖਾਂ 'ਤੇ ਵਿਚਾਰ ਵਟਾਂਦਰਾ ਕੀਤਾ। ਡਾ. ਮਨਪ੍ਰੀਤ ਸਿੰਘ ਨੇ ਇਸ ਮੌਕੇ ਦੱਸਿਆ ਕਿ ਨਵੀਂ ਸਿੱਖਿਆ ਨੀਤੀ ਦੇ ਤਹਿਤ ਸਰਕਾਰ ਡਿਜੀਟਲ ਤਕਨੀਕ ਦੀ ਮਦਦ ਨਾਲ ਸਮਾਜ ਦੇ ਸਾਰੇ ਵਰਗਾਂ ਲਈ 'ਸਵੈਮ' ਪ੍ਰੋਗਰਾਮ ਰਾਹੀਂ ਸਸਤੀ ਤੇ ਉੱਚ ਮਿਆਰੀ ਸਿੱਖਿਆ ਮੁਹੱਈਆ ਕਰਵਾਉਣ ਲਈ ਤਤਪਰ ਹੈ। ਡਾ. ਸ਼ਰੁਤੀ ਸ਼ੌਰੀ, ਨੇ ਉਦਾਹਰਨਾਂ ਤੇ ਮਨੋਵਿਗਿਆਨਕ ਤਕਨੀਕਾਂ ਦੀ ਸਹਾਇਤਾ ਨਾਲ ਅਧਿਆਪਕਾਂ ਤੇ ਵਿਦਿਆਰਥੀਆਂ ਵਿਚ ਆਪਸੀ ਸਹਿਯੋਗ ਰਾਹੀਂ ਰਿਸ਼ਤਾ ਸਥਾਪਿਤ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਸਮਾਗਮ ਵਿਚ ਅਧਿਆਪਕਾਂ ਦੀ ਟਰੇਨਿੰਗ ਤੇ ਸਿਖਲਾਈ ਦੇਣ ਵਾਲੀ ਪ੍ਰਮੁੱਖ ਸੰਸਥਾ ਨੈਸ਼ਨਲ ਇੰਸਟੀਚਿਊਟ ਆਫ਼ ਟੀਚਰ ਟਰੇਨਿੰਗ ਤੇ ਰਿਸਰਚ, ਡਾ. ਸੁਨੀਲ ਦੱਤ, ਨੇ ਮੁੱਖ ਨੁਕਤੇ ਅਧਿਆਪਕਾਂ ਨਾਲ ਸ਼ਾਂਝੇ ਕੀਤੇ।



ਮੁਲਤਾਨੀ ਮੱਲ ਮੋਦੀ ਕਾਲਜ ਪਟਿਆਲਾ ਵਿਖੇ ਕਰਵਾਏ ਸਮਾਗਮ ਦਾ ਦ੍ਰਿਸ਼। ਅਜੀਤ ਤਸਵੀਰ

दैनिक सवेरा टाइम्स

# मोदी कालेज में सात दिवसीय फैकल्टी डिवैल्पमैंट प्रोग्राम समापत



प्रोग्राम के दौरान प्रिंसीपल खुशविन्द्र कुमार अध्यापकों को सम्मानित करते हुए।

पटियाला (बलविन्द्र): मोदी कालेज पटियाला के इंटरनल क्वालिटी सैल (आई.क्यू.ए.सी) की तरफ से यू.जी.सी. के सहयोग के साथ 'उच्च शिक्षा में उभर रहे नए मुद्दे और चुनौतियां' विषय पर करवाए जा रहे सात दिवसीय फैकल्टी डिवैल्पमैंट प्रोग्राम आज समाप्त हो गया। इस प्रोग्राम का उद्देश्य नई शिक्षा नीति के लागू होने के साथ उच्च शिक्षा के क्षेत्र में आ रहे बदलाव के बारे गंभीर संवाद का आगाज करना था। प्रिंसीपल डा. खुशविन्दर कुमार ने इस मौके बाहर से आए विषय माहिरों और अध्यापकों का स्वागत करते कहा कि नई शिक्षा नीति में दर्ज अलग-अलग पहलुओं जैसे कि आलोचनात्मक सोच-पद्धति, सृजनात्मक अमल, वैज्ञानिक नजरिया, बहु भाषाई पैटर्न, समस्याओं के हल करने की तरफ सेधित प्रणालियों, सामाजिक जिम्मेदारी और डिजिटल लिटरेसी जैसी धारणाओं और परिभाषाएं को समझना जरूरी है। उन्होंने इस शिक्षा नीति के सामाजिक तौर पर हाशीए पर पड़े वर्गों और पड़ने वाले प्रभावों को महत्वपूर्ण बताया।

ਪੰਜਾਬੀ ਜਾਗਰਣ ਜਲੰਧਰ 23 ਜੁਲਾਈ 2019

# ਮੋਦੀ ਕਾਲਜ 'ਚ ਸਮਾਗਮ ਕਰਵਾਇਆ

**ਪੱਤਰ ਪ੍ਰੇਰਕ, ਪਟਿਆਲਾ** : ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ ਪਟਿਆਲਾ ਦੇ ਇੰਟਰਨਲ ਕੁਆਲਿਟੀ ਸੈੱਲ (ਆਈਕਿਊਏਸੀ) ਵਲੋਂ ਯੂਜੀਸੀ ਦੇ ਸਹਿਯੋਗ ਨਾਲ, 'ਉੱਚ ਸਿੱਖਿਆ ਵਿੱਚ ਉੱਭਰ ਰਹੇ ਨਵੇਂ ਮੁੱਦੇ ਅਤੇ ਚਣੌਤੀਆਂ' ਵਿਸ਼ੇ 'ਤੇ ਕਰਵਾਏ ਜਾ ਰਹੇ ਸੱਤ-ਰੋਜ਼ਾ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਅੱਜ ਸਮਾਪਤ ਹੋ ਗਿਆ।

ਇਸ ਪ੍ਰੋਗਰਾਮ ਦਾ ਉਦੇਸ਼ ਨਵੀਂ ਸਿੱਖਿਆ ਨੀਤੀ ਦੇ ਲਾਗੂ ਹੋਣ ਨਾਲ ਉੱਚ-ਸਿੱਖਿਆ ਦੇ ਖੇਤਰ ਵਿਚ ਆ ਰਹੇ ਬਦਲਾਅ ਬਾਰੇ ਗੰਭੀਰ ਸੰਵਾਦ ਦਾ ਆਗਾਜ਼ ਕਰਨਾ ਸੀ। ਕਾਲਜ ਪ੍ਰਿੰਸੀਪਲ ਡਾ. ਖੁਸਵਿੰਦਰ ਕੁਮਾਰ ਨੇ ਇਸ ਮੌਕੇ ਬਾਹਰੋਂ ਆਏ ਵਿਸ਼ਾ-ਮਾਹਰਾਂ ਅਤੇ ਅਧਿਆਪਕਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਨਵੀਂ ਸਿੱਖਿਆ ਨੀਤੀ ਵਿੱਚ ਦਰਜ ਵੱਖ-ਵੱਖ ਪਹਿਲੂਆਂ ਜਿਵੇਂ ਕਿ ਆਲੋਚਨਾਤਮਕ ਸੋਚ-ਪੱਧਤੀ, ਸਿਰਜਣਾਤਮਕ ਅਮਲ, ਵਿਗਿਆਨਕ ਨਜ਼ਰੀਆ, ਬਹੁ-ਭਾਸਾਈ ਪੈਟਰਨ, ਸੱਮਸਿਆਵਾਂ ਦੇ ਹੱਲ ਕਰਨ ਵੱਲ ਸੇਧਿਤ ਪ੍ਰਣਾਲੀਆਂ, ਸਮਾਜਿਕ ਜਿੰਮੇਵਾਰੀ ਅਤੇ ਡਿਜੀਟਲ ਲਿਟਰੇਸੀ ਵਰਗੀਆਂ ਧਾਰਨਾਵਾਂ ਅਤੇ ਪ੍ਰੀਭਾਸਾਵਾਂ ਨੂੰ ਸਮਝਣਾ ਜਰੂਰੀ ਹੈ। ਉਨ੍ਹਾਂ ਨੇ ਇਸ ਸਿੱਖਿਆ ਨੀਤੀ ਦੇ ਸਮਾਜਿਕ ਤੌਰ ਤੇ ਹਾਸੀਏ ਤੇ ਪਏ ਵਰਗਾਂ ਤੇ ਪੈਣ ਵਾਲੇ ਪ੍ਰਭਾਵਾਂ ਨੂੰ ਮਹਤੱਵਪੂਰਣ ਦੱਸਿਆ। ਹਫ਼ਤਾ ਭਰ ਚੱਲੇ ਇਸ ਪ੍ਰੋਗਰਾਮ ਦੌਰਾਨ ਵੱਖ-ਵੱਖ ਯੂਨੀਵਰਸਿਟੀਆਂ ਅਤੇ ਅਦਾਰਿਆਂ ਤੋਂ ਪਹੁੱਚੇ ਵਿਦਵਾਨਾਂ ਅਤੇ ਵਿਸ਼ਾ-ਮਾਹਰਾਂ ਨੇ ਨਵੀਂ ਸਿੱਖਿਆ ਨੀਤੀ ਦੇ ਵਿਭਿੰਨ ਪਹਿਲੂਆਂ ਅਤੇ ਤਕਨੀਕੀ ਪੱਖਾਂ ਤੇ ਵਿਚਾਰ-ਵਟਾਂਦਰਾ ਕੀਤਾ। ਇਸ ਪ੍ਰੋਗਰਾਮ ਵਿੱਚ ਅਧਿਆਪਕਾਂ ਦੀ ਟਰੇਨਿੰਗ ਅਤੇ ਸਿਖਲਾਈ ਦੇਣ ਵਾਲੀ ਪ੍ਰਮੁੱਖ ਸੰਸਥਾ ਨੈਸਨਲ ਇੰਸਟੀਚਿਊਟ ਆਫ਼ ਟੀਚਰ ਟਰੇਨਿੰਗ ਅਤੇ ਰਿਸਰਚ, ਚੰਡੀਗੜ੍ਹ ਤੋਂ ਪਹੁੰਚੇ ਵਿਸ਼ਾ ਮਾਹਰ ਡਾ. ਸੁਨੀਲ ਦੱਤ, ਪ੍ਰੋਫੈਸਰ ਤੇ ਮੁਖੀ, ਡਿਪਾਰਟਮੈਂਟ ਆਫ ਐਜੂਕੇਸਨ ਐਂਡ ਐਜੂਕੇਸਨਲ ਮੈਨਜਮੈਨਟ ਨੇ ਈ-ਲਰਨਿੰਗ ਵਿੱਚ ਵਰਤੇ ਜਾਣ ਵਾਲੀ ਪਾਠ-ਸਮੱਗਰੀ ਦੀ ਤਿਆਰੀ ਕਰਨ ਅਤੇ ਸਹੀ ਵਰਤੋਂ ਸਬੰਧੀ ਮੁੱਖ ਨੁਕਤੇ ਅਧਿਆਪਕਾਂ ਨਾਲ ਸਾਂਝੇ ਕੀਤੇ।

HINDUSTAN TIMES, CHANDIGARH
WEDNESDAY, JULY 24, 2019

# Seven-day teachers' skill development workshop at MM Modi College

**PATIALA:** The internal quality assurance cell (IQAC) of the Multani Mal Modi College, Patiala organised a week-long faculty development programme on 'emerging issues and challenges in higher education.' It was sponsored by the UGC. Aim of the event was to discuss the new education policy and skills such as critical thinking, creativity, scientific temper, multilingualism, problem solving, ethics, social responsibility and digital literacy in teachers. **HTC**

ਪਟਿਆਲਾ ਬਾਣੀ

# ਮੁਲਤਾਨੀ ਮੱਲ ਮੋਦੀ ਕਾਲਜ 'ਚ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਸਮਾਪਤ



ਪ੍ਰੋਗਰਾਮ ਵਿਚ ਭਾਗ ਲੈਣ ਵਾਲੇ ਅਧਿਆਪਕਾਂ ਨੂੰ ਸਨਮਾਨਤ ਕਰਦੇ ਪ੍ਰਿੰਸੀਪਲ ਖੁਸ਼ਵਿੰਦਰ ਕੁਮਾਰ ਅਤੇ ਹੋਰ ਅਧਿਕਾਰੀ। (ਜੋਸਨ)

ਪਟਿਆਲਾ, 23 ਜੁਲਾਈ (ਜੋਸਨ)- ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ ਪਟਿਆਲਾ ਦੇ ਇੰਟਰਨਲ ਕੁਆਲਿਟੀ ਸੈੱਲ (ਆਈ. ਕਿਊ. ਏ. ਸੀ.) ਵੱਲੋਂ ਯੂ. ਜੀ. ਸੀ. ਦੇ ਸਹਿਯੋਗ ਨਾਲ, 'ਉੱਚ ਸਿੱਖਿਆ ਵਿਚ ਉੱਭਰ ਰਹੇ ਨਵੇਂ ਮੁੱਦੇ ਅਤੇ ਚੁਣੌਤੀਆਂ' ਵਿਸ਼ੇ 'ਤੇ ਕਰਵਾਇਆ ਜਾ ਰਿਹਾ ਸੱਤ ਰੋਜ਼ਾ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਅੱਜ ਸਮਾਪਤ ਹੋ ਗਿਆ। ਪ੍ਰੋਗਰਾਮ ਦਾ ਉਦੇਸ਼ ਨਵੀਂ ਸਿੱਖਿਆ ਨੀਤੀ ਦੇ ਲਾਗੂ ਹੋਣ ਨਾਲ ਉੱਚ-ਸਿੱਖਿਆ ਦੇ ਖੇਤਰ ਵਿਚ ਆ ਰਹੇ ਬਦਲਾਅ ਬਾਰੇ ਗੰਭੀਰ ਸੰਵਾਦ ਦਾ ਆਗਾਜ਼ ਕਰਨਾ ਸੀ।

ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਇਸ ਮੌਕੇ ਬਾਹਰੋਂ ਆਏ ਵਿਸ਼ਾ ਮਾਹਰਾਂ ਅਤੇ ਅਧਿਆਪਕਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਨਵੀਂ ਸਿੱਖਿਆ ਨੀਤੀ ਵਿਚ ਦਰਜ ਵੱਖ-ਵੱਖ ਪਹਿਲੂਆਂ ਜਿਵੇਂ ਕਿ ਆਲੋਚਨਾਤਮਕ ਸੋਚ-ਪੱਧਤੀ, ਸਿਰਜਣਾਤਮਕ ਅਮਲ, ਵਿਗਿਆਨਕ ਨਜ਼ਰੀਆਂ, ਬਹੁ-ਭਾਸ਼ਾਈ ਪੈਟਰਨ, ਸਮੱਸਿਆਵਾਂ ਦੇ ਹੱਲ ਕਰਨ ਵੱਲ ਸੇਧਿਤ ਪ੍ਰਣਾਲੀਆਂ, ਸਮਾਜਕ ਜ਼ਿੰਮੇਵਾਰੀ ਅਤੇ ਡਿਜੀਟਲ ਲਿਟਰੇਸੀ ਵਰਗੀਆਂ ਧਾਰਨਾਵਾਂ ਅਤੇ ਪਰਿਭਾਸ਼ਾਵਾਂ ਨੂੰ ਸਮਝਣਾ ਜ਼ਰੂਰੀ ਹੈ। ਉਨ੍ਹਾਂ ਇਸ ਸਿੱਖਿਆ ਨੀਤੀ ਦੇ ਸਮਾਜਕ ਤੌਰ 'ਤੇ ਹਾਸ਼ੀਏ ਉੱਤੇ ਪਏ ਵਰਗਾਂ 'ਤੇ ਪੈਣ ਵਾਲੇ ਪ੍ਰਭਾਵਾਂ ਨੂੰ ਮਹਤੱਵਪੂਰਣ ਦੱਸਿਆ।

ਪ੍ਰੋਗਰਾਮ ਵਿਚ ਅਧਿਆਪਕਾਂ ਦੀ ਟਰੇਨਿੰਗ ਅਤੇ ਸਿਖਲਾਈ ਦੇਣ ਵਾਲੀ ਪ੍ਰਮੁੱਖ ਸੰਸਥਾ ਨੈਸ਼ਨਲ ਇੰਸਟੀਚਿਊਟ ਆਫ ਟੀਚਰ ਟਰੇਨਿੰਗ ਅਤੇ ਰਿਸਰਚ, ਚੰਡੀਗੜ੍ਹ ਤੋਂ ਪਹੁੰਚੇ ਵਿਸ਼ਾ ਮਾਹਰ ਡਾ. ਸੁਨੀਲ ਦੱਤ, ਪ੍ਰੋਫੈਸਰ ਅਤੇ ਮੁਖੀ, ਡਿਪਾਰਟਮੈਂਟ ਆਫ ਐਜੂਕੇਸ਼ਨ ਐਂਡ ਐਜੂਕੇਸ਼ਨਲ ਮੈਨੇਜਮੈਂਟ ਨੇ ਈ-ਲਰਨਿੰਗ ਵਿਚ ਵਰਤੀ ਜਾਣ ਵਾਲੀ ਪਾਠ-ਸਮੱਗਰੀ ਦੀ ਤਿਆਰੀ ਕਰਨ ਅਤੇ ਸਹੀ ਵਰਤੋਂ ਸਬੰਧੀ ਮੁੱਖ ਨੁਕਤੇ ਅਧਿਆਪਕਾਂ ਨਾਲ ਸਾਂਝੇ ਕੀਤੇ। ਪ੍ਰੋਗਰਾਮ ਦੀ ਸਮਾਪਤੀ 'ਤੇ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਉਚੇਰੀ ਸਿੱਖਿਆ ਵਿਚ ਸਮੈਸਟਰ-ਪ੍ਰਣਾਲੀ ਦੀ ਵੰਡ ਅਤੇ ਇਸ ਵਿਚ ਕਰੈਡਿਟ-ਪ੍ਰਬੰਧ ਦੀ ਵਿਸਥਾਰ ਨਾਲ ਵਿਆਖਿਆ ਕੀਤੀ।

# ICSI PUNJAB'S FOURTH CHAPTER OPENS AT COLLEGE

दैनिक जागरण
23 जुलाई 2019

# आइसीएसआइ ने पटियाला में चैप्टर कार्यालय खोला

जेएनएन, पटियाला : इंस्टीट्यूट ऑफ कंपनी सेक्रेटरीज ऑफ इंडिया (आइसीएसआइ) ने सोमवार को पंजाब के मुल्तानी मल्ल मोदी कॉलेज में अपना नया चैप्टर खोला। यह आइसीएसआइ का पंजाब में चौथा चैप्टर होगा। आइसीएसआइ के पटियाला चैप्टर का उद्घाटन आइसीएसआइ के राष्ट्रीय अध्यक्ष सीएस रंजीत पांडे ने किया। इस अवसर पर सीएस आशीष गर्ग, उपाध्यक्ष, सीएस मनीष गुप्ता, काउंसिल सदस्य, सीएस हितेन्द्र मेहता, काउंसिल सदस्य, सीएस अशोक कुमार दीक्षित, कार्यवाहक सचिव, सीएस गुरविंदर सिंह सरीन, चेयरमैन एनआइआरसी और सीएस जसपाल सिंह धंजल, अध्यक्ष, आइसीएसआइ -पटियाला चैप्टर भी उपस्थित थे। अध्यक्ष रंजीत पांडे ने कहा कि आइसीएसआइ और सीएस प्रोफेशनल्स के लिए बड़ा सम्मान है।



आइसीएसआइ के राष्ट्रीय अध्यक्ष सीएस रंजीत पांडे उदघाटन करते हुए • जागरण

**hindustantimes**

## ICSI opens office in Patiala, 4th in Punjab

**PATIALA:** The Institute of Company Secretaries of India (ICSI) opened its fourth chapter in Punjab at Multani Mal Modi College here on Monday. ICSI president Ranjeet Pandey inaugurated the office. He said, "ICSI's Patiala chapter is strategically located and will act as a nodal point for students. The chapter will also facilitate interaction among members by organising regular seminars, lectures and meetings." **HTC**

**दैनिक भास्कर**

## अब से मोदी कॉलेज में भी करवाई जाएगी कंपनी सेक्रेटरी की पढ़ाई




**भास्कर संवाददाता | पटियाला**

इंस्टीट्यूट ऑफ कंपनी सेक्रेटरीज ऑफ इंडिया ने पंजाब के मुल्तानी मल मोदी कॉलेज में अपना नया चैप्टर खोला है। यह आईसीएसआई का पंजाब में चौथा चैप्टर होगा। आईसीएसआई के पटियाला चैप्टर का उद्घाटन आईसीएसआई के राष्ट्रीय अध्यक्ष सीएस रंजीत पांडे ने किया। इस अवसर पर सीएस आशीष गर्ग, उपाध्यक्ष, सीएस मनीष गुप्ता, काउंसिल सदस्य, सीएस हितेन्द्र मेहता, काउंसिल सदस्य, सीएस अशोक कुमार दीक्षित, कार्यवाहक सचिव, सीएस गुरविंदर सिंह सरीन, चेयरमैन एनआईआरसी और सीएस जसपाल सिंह धंजल, अध्यक्ष, आईसीएसआई -पटियाला चैप्टर मौजूद रहे। आईसीएसआई अध्यक्ष रंजीत पांडे ने कहा आईसीएसआई और सीएस प्रोफेशनल्स के लिए यह एक बहुत बड़ा सम्मान है कि अब हमारे पास पटियाला शहर में एक चैप्टर है। नए चैप्टर से क्षेत्र के छात्रों और सदस्यों को सुविधा होगी।

(Daily Charhdikala, Patiala (Tuesday, 23 July 2019)

# ਆਈ.ਸੀ.ਐਸ.ਆਈ. ਨੇ ਪਟਿਆਲਾ ਵਿਖੇ ਚੌਥਾ ਚੈਪਟਰ ਖੋਲ੍ਹਿਆ



ਪਟਿਆਲਾ, 22 ਜੁਲਾਈ (ਰੁਪਾਣਾ): ਇੰਸਟੀਚਿਊਟ ਆਫ ਕੰਪਨੀ ਸੈਕਰੇਟਰੀਜ਼ ਆਫ਼ ਇੰਡੀਆ (ਆਈਸੀਐਸਆਈ) ਨੇ ਅੱਜ ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ ਵਿਖੇ ਆਪਣੇ ਚੌਥੇ ਕੇਂਦਰ ਦਾ ਉਦਘਾਟਨ ਕੀਤਾ। ਆਈਸੀਐਸਆਈ ਦੇ ਪਟਿਆਲਾ ਚੈਪਟਰ ਦਾ ਉਦਘਾਟਨ ਸੀਐੱਸ ਰਣਜੀਤ ਪਾਂਡੇ, ਪ੍ਰਧਾਨ ਆਈ.ਸੀ.ਐਸ.ਆਈ. ਨੇ ਸੀਐਸ ਅਸ਼ੀਸ਼ ਗਰਗ, ਉਪ ਪ੍ਰਧਾਨ, ਸੀਐਸ ਮਨੀਸ਼ ਗੁਪਤਾ, ਕੌਂਸਲ ਮੈਂਬਰ, ਸੀਐਸ ਹਿਤੇਂਦਰ ਮਹਿਤਾ, ਕੌਂਸਲ ਮੈਂਬਰ, ਸੀਐਸ ਅਸ਼ੋਕ ਕੁਮਾਰ ਦੀਕਸ਼ਿਤ, ਆਫੀਸ਼ੀਏਟਿੰਗ ਸੈਕਟਰੀ, ਸੀਐਸ ਗੁਰਵਿੰਦਰ ਸਿੰਘ ਸਰੀਨ, ਚੇਅਰਮੈਨ ਐਨ.ਆਈ.ਆਰ.ਸੀ. ਅਤੇ ਸੀਐਸ. ਜਸਪਾਲ ਸਿੰਘ ਧੰਜਲ, ਆਈਸੀਐਸਆਈ ਦੇ ਪਟਿਆਲਾ ਚੈਪਟਰ ਦੇ ਚੇਅਰਮੈਨ ਅਤੇ ਹੋਰ ਮਹਿਮਾਨਾਂ ਦੀ ਹਾਜ਼ਰੀ ਵਿਚ ਹੋਇਆ। ਆਈਸੀਐਸਆਈ ਦੇ ਪ੍ਰਧਾਨ ਸ੍ਰੀ ਰਣਜੀਤ ਪਾਂਡੇ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਕਿਹਾ, 'ਇਹ ਆਈਸੀਐਸਆਈ ਅਤੇ ਸਮੁੱਚੀ ਸੀਐਸ ਬਰਾਦਰੀ ਲਈ ਸਨਮਾਨ ਵਾਲੀ ਗੱਲ ਹੈ ਕਿ ਹੁਣ ਸਾਡੇ ਕੋਲ ਪਟਿਆਲਾ ਸ਼ਹਿਰ ਵਿਚ ਆਪਣਾ ਇਕ ਚੈਪਟਰ ਹੈ। ਨਵਾਂ ਚੈਪਟਰ ਵਿਦਿਆਰਥੀਆਂ ਅਤੇ ਇਸ ਖੇਤਰ ਦੇ ਮੈਂਬਰਾਂ ਨੂੰ ਲੇਖਾ ਮੁਖੀ ਸਹੂਲਤ ਪ੍ਰਦਾਨ ਕਰੇਗਾ। ਆਈਸੀਐਸਆਈ ਦਾ ਇਹ ਪਟਿਆਲਾ ਚੈਪਟਰ ਉਨ੍ਹਾਂ ਵਿਦਿਆਰਥੀਆਂ ਲਈ ਨੋਡਲ ਪੁਆਇੰਟ ਦੇ ਰੂਪ ਵਿੱਚ ਕੰਮ ਕਰੇਗਾ ਜੋ ਸੀਐਸ ਕੋਰਸ ਵਿਚ ਸ਼ਾਮਲ ਹੋਣਾ ਚਾਹੁੰਦੇ ਹਨ। ਇਹ ਸੀਐਸ ਮੈਂਬਰਾਂ ਲਈ ਵੀ ਬਹੁਤ ਸਹਾਈ ਹੋਵੇਗਾ। ਇਹ ਚੈਪਟਰ ਬਾਕਾਇਦਾ ਮੀਟਿੰਗਾਂ, ਸੈਮੀਨਾਰਾਂ ਅਤੇ ਭਾਸ਼ਣਾਂ ਰਾਹੀਂ ਸੀਐਸ ਬਰਾਦਰੀ ਦੀਆਂ ਪ੍ਰਾਪਤੀਆਂ ਦੇ ਪ੍ਰਸਾਰਣ ਲਈ ਸੰਚਾਰ ਸੁਵਿਧਾ ਪ੍ਰਦਾਨ ਕਰੇਗਾ। ਆਈਸੀਐਸਆਈ ਭਾਰਤ ਦੇ ਕੰਪਨੀ ਸਕੱਤਰਾਂ ਦੀ ਕਿੱਤਾ ਮੁਖੀ ਰਾਸ਼ਟਰੀ ਸੰਸਥਾ ਹੈ। ਇਹ ਪਾਰਲੀਮੈਂਟ ਦੇ ਐਕਟ ਅਰਥਾਤ ਕੰਪਨੀ ਸਕੱਤਰ ਐਕਟ 1980 ਦੇ ਤਹਿਤ ਭਾਰਤ ਵਿਚ ਕੰਪਨੀ ਸਕੱਤਰ ਦੇ ਕਰ ਵਿਹਾਰ ਨੂੰ ਸੁਚਾਰੂ ਸੇਧ ਦੇਣ ਅਤੇ ਵਿਕਾਸ ਲਈ ਸਥਾਪਤ ਕੀਤਾ ਗਿਆ ਹੈ। ਇਹ ਸੰਸਥਾ ਭਾਰਤ ਸਰਕਾਰ ਦੇ ਕਾਰਪੋਰੇਟ ਮਾਮਲਿਆਂ ਦੇ ਮੰਤਰਾਲੇ ਦੇ ਅਧਿਕਾਰ ਖੇਤਰ ਵਿਚ ਕੰਮ ਕਰਦੀ ਹੈ।

# TWO DAYS ORIENTATION PROGRAMME FOR 1ST YEAR STUDENTS

दैनिक सवेरा टाइम्स

# ओरिएंटेशन प्रोग्राम के साथ विद्यक सैशन का आगाज



ओरियंटेशन प्रोग्राम के साथ शैक्षिक सैशन के आगाज का दृश्य।

पटियाला, (बलविन्द्र) : मोदी कालेज में नए दाखिल हुए विद्यार्थियों की सहूलियत के लिए दो दिवसीय ओरिएंटेशन प्रोग्राम के आयोजन के साथ विद्यक सैशन का आगाज किया गया। प्रोग्राम का उद्देश्य जहां विद्यार्थियों को कालेज में चल रहे विभिन्न कोर्सों, वार्षिक अकादमिक कैलेंडर, सैमेस्टर प्रणाली की जानकारी प्रदान करना था, वहीं विद्यार्थियों को नए विद्यक माहौल की जिम्मेवारियों से भी जागरूक करवाना था। प्रिं. डा. खुशविंदर कुमार ने विद्यार्थियों को कहा कि मौजूदा दौर में सीखने की प्रक्रिया दौरान आधुनिक तकनीकी ज्ञान और परंपरागत शिक्षा मूल्यों में संतुलन कायम करना बेहद जरूरी है।

ਰੋਜ਼ਾਨਾ ਸਪੋਕਸਮੈਨ

# ਮੋਦੀ ਕਾਲਜ ਵਿਖੇ ਦੋ-ਰੋਜ਼ਾ ਓਰੀਐਂਟੇਸ਼ਨ ਪ੍ਰੋਗਰਾਮ ਨਾਲ ਨਵੇਂ ਵਿਦਿਅਕ ਸੈਸ਼ਨ ਦਾ ਆਗਾਜ਼



ਪਟਿਆਲਾ, 23 ਜੁਲਾਈ (ਦਲਜਿੰਦਰ ਸਿੰਘ ਪੱਪੀ) : ਸਥਾਨਕ ਮੁਲਤਾਨੀ ਮੱਲ ਕਾਲਜ ਵਿਖੇ ਨਵੇਂ ਦਾਖ਼ਲ ਹੋਏ ਵਿਦਿਆਰਥੀਆਂ ਦੀ ਸਹੂਲਤ ਲਈ ਦੋ ਰੋਜ਼ਾ ਓਰੀਐਂਟੇਸ਼ਨ ਪ੍ਰੋਗਰਾਮ ਦੇ ਆਯੋਜਨ ਨਾਲ ਨਵੇਂ ਵਿਦਿਅਕ ਸੈਸ਼ਨ ਦਾ ਆਗਾਜ਼ ਕੀਤਾ ਗਿਆ। ਇਸ ਪ੍ਰੋਗਰਾਮ ਦਾ ਉਦੇਸ਼ ਵਿਦਿਆਰਥੀਆਂ ਨੂੰ ਕਾਲਜ ਵਿਚ ਚੱਲ ਰਹੇ ਵੱਖ-ਵੱਖ ਕੋਰਸਾਂ, ਸਲਾਨਾ ਅਕਾਦਮਿਕ ਕੈਲੰਡਰ, ਸਮੈਸਟਰ ਪ੍ਰਣਾਲੀ, ਐਨ.ਐਸ.ਐਸ., ਐਨ.ਸੀ.ਸੀ. ਦੀਆਂ ਸਰਗਰਮੀਆਂ ਬਾਰੇ ਮੁੱਢਲੀ ਜਾਣਕਾਰੀ ਪ੍ਰਦਾਨ ਕਰਨਾ ਸੀ।

ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਵਿਦਿਆਰਥੀਆਂ ਨੂੰ ਸੰਬੋਧਿਤ ਹੁੰਦਿਆਂ ਕਿਹਾ ਕਿ ਮੌਜੂਦਾ ਦੌਰ ਵਿਚ ਸਿੱਖਣ ਦੀ ਪ੍ਰਕ੍ਰਿਆ ਦੌਰਾਨ ਵਿਚ ਆਧੁਨਿਕ ਤਕਨੀਕੀ ਗਿਆਨ ਅਤੇ ਪ੍ਰੰਪਰਾਗਤ ਸਿੱਖਿਆ ਮੁੱਲਾਂ ਵਿਚ ਸੰਤੁਲਨ ਕਾਇਮ ਕਰਨਾ ਬੇਹੱਦ ਜ਼ਰੂਰੀ ਹੈ, ਜਿਸ ਵਿਚ ਉਚ ਮਿਆਰੀ ਸਿੱਖਿਆ ਸੰਸਥਾਨ ਮਹੱਤਵਪੂਰਨ ਭੂਮਿਕਾ ਅਦਾ ਕਰਦਾ ਹੈ।

ਕਾਲਜ ਦੇ ਵਾਇਸ ਪ੍ਰਿੰਸੀਪਲ ਪ੍ਰੋ. (ਡਾ.) ਬਲਜਿੰਦਰ ਕੌਰ ਨੇ ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਿਤ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਕਾਲਜ ਵਿਚ ਹਰ ਤਰ੍ਹਾਂ ਦੀ ਸਹੂਲਤ ਪ੍ਰਾਪਤ ਹੋਵੇਗੀ ਪਰ ਉਨ੍ਹਾਂ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਕਾਲਜ 'ਚ ਅਨੁਸ਼ਾਸਨ ਬਣਾਈ ਰੱਖਣ।

ਪ੍ਰੋ. ਵੇਦ ਪ੍ਰਕਾਸ਼, ਡੀਨ ਸਟੂਡੈਂਟ ਭਲਾਈ ਅਤੇ ਇੰਚਾਰਜ ਐਨ.ਸੀ.ਸੀ. ਵਿੰਗ ਨੇ ਵਿਦਿਆਰਥੀਆਂ ਨੂੰ ਐਨ.ਸੀ.ਸੀ. ਵਿਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਉਤਸ਼ਾਹਿਤ ਕੀਤਾ। ਡਾ. ਗੁਰਦੀਪ ਸਿੰਘ, ਡੀਨ ਸਪੋਰਟਸ ਅਤੇ ਮੁਖੀ ਪੰਜਾਬੀ ਵਿਭਾਗ, ਅਤੇ ਨਿਸ਼ਾਨ ਸਿੰਘ, ਮੁਖੀ ਖੇਡ ਵਿਭਾਗ ਨੇ ਖੇਡਾਂ ਦੇ ਖੇਤਰ ਵਿਚ ਕਾਲਜ ਦੀਆਂ ਉਪਲੱਬਧੀਆਂ ਵਿਦਿਆਰਥੀਆਂ ਨਾਲ ਸਾਂਝੀਆਂ ਕੀਤੀਆਂ।

ਸਰਗਰਮੀ | ਵਿਦਿਆਰਥੀਆਂ ਨੂੰ ਵੱਖ-ਵੱਖ ਕੋਰਸਾਂ ਸਬੰਧੀ ਜਾਣਕਾਰੀ ਦਿੱਤੀ

ਪੰਜਾਬੀ ਜਾਗਰਣ ਜਲੰਧਰ 24 ਜੁਲਾਈ 2019

# ਕਾਲਜ ... ਆਗਾਜ਼

**ਪੱਤਰ ਪ੍ਰੇਰਕ, ਪਟਿਆਲਾ** : ਸਥਾਨਕ ਮੁਲਤਾਨੀ ਮੱਲ ਕਾਲਜ ਵਿਖੇ ਨਵੇਂ ਦਾਖਿਲ ਹੋਏ ਵਿਦਿਆਰਥੀਆਂ ਦੀ ਸਹੂਲਤ ਲਈ ਦੋ ਰੋਜ਼ਾ ਓਰੀਐਂਟੇਸ਼ਨ ਪ੍ਰੋਗਰਾਮ ਦੇ ਆਯੋਜਨ ਨਾਲ ਨਵੇਂ ਵਿਦਿਅਕ ਸੈਸ਼ਨ ਦਾ ਆਗਾਜ਼ ਕੀਤਾ ਗਿਆ। ਇਸ ਪ੍ਰੋਗਰਾਮ ਦਾ ਉਦੇਸ਼ ਜਿੱਥੇ ਵਿਦਿਆਰਥੀਆਂ ਨੂੰ ਕਾਲਜ ਵਿਚ ਚੱਲ ਰਹੇ ਵੱਖ-ਵੱਖ ਕੋਰਸਾਂ, ਸਲਾਨਾ ਅਕਾਦਮਿਕ ਕੈਲੰਡਰ, ਸਮੈਸਟਰ ਪ੍ਰਣਾਲੀ, ਐਨ.ਐਸ.ਐਸ., ਐਨ.ਸੀ.ਸੀ. ਦੀਆਂ ਸਰਗਰਮੀਆਂ, ਕਾਲਜ ਦੇ ਵੱਖੋ-ਵੱਖਰੇ ਕਲੱਬਾਂ ਅਤੇ ਸਿਸਥਾਵਾਂ, ਵਜ਼ੀਫਾ ਸਕੀਮਾਂ, ਐਂਟੀ ਰੈਗਿੰਗ ਸੈੱਲ, ਵੂਮੈਨ ਸੈੱਲ ਬਾਰੇ ਮੁੱਢਲੀ ਜਾਣਕਾਰੀ ਪ੍ਰਦਾਨ ਕਰਨਾ ਸੀ, ਉੱਥੇ ਵਿਦਿਆਰਥੀਆਂ ਨੂੰ ਨਵੇਂ ਵਿਦਿਅਕ ਮਾਹੌਲ ਦੀਆਂ ਜ਼ਿੰਮੇਵਾਰੀਆਂ ਤੋਂ ਵੀ ਜਾਗਰੂਕ ਕਰਵਾਉਣਾ ਸੀ। ਕਾਲਜ ਪ੍ਰਿੰਸੀਪਲ, ਡਾ. ਖੁਸ਼ਵਿੰਦਰ ਕੁਮਾਰ ਨੇ ਵਿਦਿਆਰਥੀਆਂ ਨੂੰ ਸੰਬੋਧਿਤ ਹੁੰਦਿਆਂ ਕਿਹਾ ਕਿ ਮੌਜੂਦਾ ਦੌਰ ਵਿਚ ਸਿੱਖਣ ਦੀ ਪ੍ਰਕ੍ਰਿਆ ਦੌਰਾਨ ਵਿਚ ਆਧੁਨਿਕ ਤਕਨੀਕੀ ਗਿਆਨ ਅਤੇ ਪ੍ਰੰਪਰਾਗਤ ਸਿੱਖਿਆ ਮੁੱਲਾਂ ਵਿਚ ਸੰਤੁਲਨ ਕਾਇਮ ਕਰਨਾ ਬੇਹੱਦ ਜ਼ਰੂਰੀ ਹੈ।



ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਵਿਚਾਰ ਸਾਂਝੇ ਕਰਦੇ ਹੋਏ।

ਜਿਸ ਵਿਚ ਉਚੇਰੀ ਸਿੱਖਿਆ ਸੰਸਥਾਨ ਮਹੱਤਵਪੂਰਨ ਭੂਮਿਕਾ ਅਦਾ ਕਰਦਾ ਹੈ। ਵਾਇਸ ਪ੍ਰਿੰਸੀਪਲ ਪ੍ਰੋ. ਬਲਜਿੰਦਰ ਕੌਰ ਨੇ ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਿਤ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਕਾਲਜ ਵਿੱਚ ਹਰ ਤਰ੍ਹਾਂ ਦੀ ਸਹੂਲਤ ਪ੍ਰਾਪਤ ਹੋਵੇਗੀ ਪਰ ਉਨ੍ਹਾਂ ਦੀ ਇਹ ਮੌਲਿਕ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਕਾਲਜ ਵਿਚ ਅਨੁਸ਼ਾਸਨ ਬਣਾਈ ਰੱਖਣ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਕਿਸੇ ਕਿਸਮ ਦੀ ਰੈਗਿੰਗ, ਗ਼ੈਰਜ਼ਿੰਮੇਵਾਰਾਨਾ ਹਰਕਤ ਅਤੇ ਗਲਤ ਵਤੀਰੇ ਪ੍ਰਤੀ ਸੁਚੇਤ ਕਰਦਿਆਂ ਕਿਹਾ ਕਿ ਅਜਿਹੀ ਸਥਿਤੀ ਦਾ ਸਾਹਮਣਾ ਹੋਣ ਦੀ ਸੂਰਤ ਵਿੱਚ ਤੁਰੰਤ ਸਬੰਧਤ ਅਧਿਆਪਕ ਨਾਲ ਸੰਪਰਕ ਕੀਤਾ ਜਾਵੇ। ਪ੍ਰੋ. ਵੇਦ ਪ੍ਰਕਾਸ਼, ਡੀਨ ਸਟੂਡੈਂਟ ਭਲਾਈ ਅਤੇ ਇੰਚਾਰਜ ਐਨ.ਸੀ.ਸੀ. ਵਿੰਗ ਨੇ ਵਿਦਿਆਰਥੀਆਂ ਨੂੰ ਐਨ.ਸੀ.ਸੀ. ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਉਤਸ਼ਾਹਿਤ ਕੀਤਾ। ਡਾ. ਗੁਰਦੀਪ ਸਿੰਘ, ਡੀਨ ਸਪੋਰਟਸ ਅਤੇ ਮੁਖੀ ਪੰਜਾਬੀ ਵਿਭਾਗ, ਅਤੇ ਨਿਸ਼ਾਨ ਸਿੰਘ, ਮੁਖੀ ਖੇਡ ਵਿਭਾਗ ਨੇ ਖੇਡਾਂ ਦੇ ਖੇਤਰ ਵਿੱਚ ਕਾਲਜ ਦੀਆਂ ਉਪਲੱਬਧੀਆਂ ਵਿਦਿਆਰਥੀਆਂ ਨਾਲ ਸਾਂਝੀਆਂ ਕੀਤੀਆਂ। ਡਾ. ਅਸ਼ਵਨੀ ਸ਼ਰਮਾ, ਡੀਨ, ਲਾਈਫ ਸਾਇੰਸਿਜ਼ ਅਤੇ ਡਾ. ਰਾਜੀਵ ਸ਼ਰਮਾ, ਡੀਨ, ਫ਼ਿਜ਼ਿਕਲ ਸਾਇੰਸਿਜ਼ ਨੇ ਸਾਇੰਸ ਵਿਸ਼ਿਆਂ ਦੀ ਮੌਜੂਦਾ ਦੌਰ ਵਿਚ ਮਹੱਤਵਤਾ ਅਤੇ ਸਾਇੰਸ ਵਿਭਾਗ ਵੱਲੋਂ ਖੋਜ ਦੇ ਖੇਤਰ ਵਿੱਚ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਤੇ ਰੌਸ਼ਨੀ ਪਾਈ। ਇਸ ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਦਾ ਉਤਸ਼ਾਹ ਸ਼ਲਾਘਾਯੋਗ ਸੀ। ਇਸ ਤੋਂ ਇਲਾਵਾ ਸਮੂਹ ਅਧਿਆਪਕ ਸਾਹਿਬਾਨ ਅਤੇ ਸਟਾਫ਼ ਮੈਂਬਰਾਂ ਵੀ ਹਾਜ਼ਰ ਰਹੇ।

**पटियाला केसरी**

# मोदी कालेज में विद्यार्थियों के लिए 2 दिवसीय ओरिएंटेशन प्रोग्राम के साथ नया शैक्षिक सैशन शुरू



*मोदी कालेज पटियाला में ओरिएंटेशन प्रोग्राम दौरान विद्यार्थियों को संबोधित करते कालेज प्रिंसीपल डा. खुशविन्दर कुमार।* (जोसन)

पटियाला, 23 जुलाई (जोसन): मुलतानी मल्ल मोदी कालेज में नए दाखिल हुए विद्यार्थियों की सुविधा के लिए 2 दिवसीय ओरिएंटेशन प्रोग्राम के आयोजन के साथ नए शैक्षिक सैशन का आगाज किया गया। कार्यक्रम का उद्देश्य जहां विद्यार्थियों को कालेज में चल रहे अलग-अलग कोर्सों, सालाना अकादमिक कैलेंडर, समैस्टर प्रणाली, एन.एस.एस., एन.सी.सी. की सरगर्मियां, कालेज के अलग-अलग क्लबों और संस्थाओं, छात्रवृत्ति स्कीमों, एंटी रैगिंग सैल, वूमैन सैल बारे प्राथमिक जानकारी प्रदान करना था, वहीं विद्यार्थियों को नए शैक्षिक माहौल की जिम्मेदारियों से भी जागरूक करवाना था।

कालेज प्रिंसीपल डा. खुशविंदर कुमार ने विद्यार्थियों को कहा कि मौजूदा दौर में सीखने की प्रक्रिया दौरान आधुनिक तकनीकी ज्ञान और परंपरागत शिक्षा मूल्यों में संतुलन कायम करना बेहद जरूरी है, जिसमें उच्च-मानक शिक्षा संस्थान महत्वपूर्ण भूमिका अदा करता है। उन्होंने शैक्षिक क्षेत्र में मोदी कालेज की उपलब्धियों का जिक्र करते कहा कि मोदी कालेज शिक्षा के उच्चतम मानकों को समर्पित ऐसा अदारा है जो विद्यार्थियों की बहुपक्षीय शख्सियत निर्माण के लिए वचनबद्ध है। कालेज के वाइस प्रिंसीपल प्रो. (डा.) बलजिन्दर कौर ने इस मौके विद्यार्थियों को कहा कि उनको कालेज में हर तरह की सुविधा प्राप्त होगी परन्तु उनकी यह मौलिक जिम्मेदारी बनती है कि वह कालेज में अनुशासन बनाए रखें।